# Consolidation and Development of Sikhism



## Measures by

# Shri Guru Amardas Ji

# ਭੂਮਿਕਾ
# Introduction



- 1552 ਈ. ਵਿੱਚ ਜਦੋਂ ਸਿੱਖਾਂ ਦੇ ਤੀਸਰੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਗੱਦੀ ਤੇ ਬੈਠੇ ਤਾਂ ਉਹਨਾਂ ਦੀ ਉਮਰ ਲਗਭਗ 73 ਸਾਲਾਂ ਦੀ ਸੀ। ਗੱਦੀ ਤੇ ਬੈਠਣ ਸਮੇਂ ਤੋਂ ਉਹਨਾਂ ਨੂੰ ਕਈ ਔਕੜਾਂ ਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਤੂ ਨੇ ਉਹਨਾ ਦਾ ਬੜਾ ਸਖਤ ਵਿਰੋਧ ਕੀਤਾ। ਗੋਇੰਦਵਾਲ ਦੇ ਮੁਸਲਮਾਨਾ ਅਤੇ ਉੱਚ ਜਾਤੀ ਦੇ ਹਿੰਦੂਆਂ ਨੇ ਗੁਰੂ ਸਾਹਿਬ ਅਤੇ ਉਹਨਾ ਦੇ ਸਿੱਖਾਂ ਨੂੰ ਤੰਗ ਕਰਨ ਦੇ ਬੜੇ ਯਤਨ ਕੀਤੇ। ਇਹਨਾ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ ਉਹਨਾਂ ਨੇ ਆਪਣੇ 22 ਵਰ੍ਹਿਆਂ (1552-1574) ਦੇ ਗੁਰੂ ਕਾਲ ਵਿੱਚ ਸਿੱਖ ਪੰਥ ਦੇ ਸੰਗਠਨ ਅਤੇ ਵਿਕਾਸ ਲਈ ਬਹੁਤ ਸਾਰੇ ਮਹੱਤਵਪੂਰਨ ਕਾਰਜ ਕੀਤੇ। ਉਹਨਾ ਨੇ ਨਾ ਕੇਵਲ ਆਪਣੇ ਪੂਰਵਾਧਿਕਾਰੀਆਂ ਦੁਆਰਾ ਸਥਾਪਿਤ ਕੀਤੀਆਂ ਗਈਆਂ ਸੰਸਥਾਵਾਂ ਨੂੰ ਸਥਿਰ ਅਤੇ ਸ਼ਕਤੀਸ਼ਾਲੀ ਬਣਾਇਆ ਸਗੋਂ ਹੋਰ ਵੀ ਬਹੁਤ ਸਾਰੇ ਕੰਮ ਕੀਤੇ, ਜਿਸਦੇ ਫਲਸਰੂਪ ਸਿੱਖ ਧਰਮ ਨੂੰ ਨਿਸ਼ਚੇ ਹੀ ਇੱਕ ਸੁਤੰਤਰ ਰੂਪ ਪ੍ਰਾਪਤ ਹੋਣ ਲੱਗਿਆ।
- ਡਾ. ਇੰਦੂ ਭੂਸ਼ਨ ਬੈਨਰਜੀ ਦੇ ਕਥਨ ਅਨੁਸਾਰ, "ਗੁਰੂ ਅਮਰਦਾਸ ਜੀ ਦੇ ਗੁਰੂ-ਕਾਲ ਨੂੰ ਸਿੱਖ ਧਰਮ ਦੇ ਇਤਿਹਾਸ ਵਿੱਚ ਕਈ ਪ੍ਰਕਾਰ ਨਾਲ਼ ਇੱਕ ਮਹੱਤਵਪੂਰਨ ਮੋੜ ਲਿਆਉਣ ਵਾਲ਼ਾ ਕਾਲ ਸਮਝਿਆ ਜਾ ਕਦਾ ਹੈ।"

# ਗੋਇੰਦਵਾਲ ਵਿੱਚ ਬਾਉਲੀ ਦਾ ਨਿਰਮਾਣ (1)
# Construction of Baoli at Goindwal







- ਗੁਰੂ ਅੰਗਦ ਦੇਵ ਜੀ ਦੇ ਸਮੇਂ ਗੋਇੰਦਵਾਲ ਸ਼ਹਿਰ ਦੀ ਸਥਾਪਨਾ ਹੋਈ ਸੀ। ਇਹ ਕੰਮ ਗੁਰੂ ਅਮਰਦਾਸ ਜੀ ਦੀ ਦੇਖ-ਰੇਖ ਵਿੱਚ ਹੋਇਆ ਸੀ। ਗੁਰਗੱਦੀ ਪ੍ਰਾਪਤ ਕਰਨ ਤੋਂ ਬਾਅਦ ਗੁਰੂ ਅਮਰਦਾਸ ਜੀ ਨੇ ਇੱਥੇ ਇੱਕ ਬਾਉਲੀ ਬਣਾਉਣ ਦਾ ਨਿਸ਼ਚਾ ਕੀਤਾ। ਜਿਸਦੇ ਹੇਠ ਲਿਖੇ ਦੋ ਮੁੱਖ ਕਾਰਨ ਸਨ:

1) ਸਿੱਖਾਂ ਨੂੰ ਪੀਣ ਲਈ ਅਤੇ ਇਸ਼ਨਾਨ ਕਰਨ ਲਈ ਬਿਆਸ ਨਦੀ ਤੋਂ ਪਾਣੀ ਲਿਆਉਣਾ ਪੈਂਦਾ ਸੀ। ਇਹ ਪਾਣੀ ਸਵੱਛ ਨਹੀਂ ਹੁੰਦਾ ਸੀ।
2) ਗੁਰੂ ਸਾਹਿਬ ਸਿੱਖਾਂ ਦੇ ਲਈ ਵੱਖਰਾ ਤੀਰਥ ਸਥਾਨ ਸਥਾਪਿਤ ਕਰਨਾ ਚਾਹੁੰਦੇ ਸਨ।

1552 ਈ. ਵਿੱਚ ਬਾਉਲੀ ਬਣਾਉਣ ਦਾ ਕਾਰਜ ਆਰੰਭ ਹੋਇਆ ਅਤੇ 1559 ਈ. ਵਿੱਚ ਸੱਤ ਸਾਲਾਂ ਦੀ ਸਖਤ ਮਿਹਨਤ ਤੋਂ ਬਾਅਦ ਇਹ ਸੰਪੂਰਨ ਹੋਇਆ।

# ਗੋਇੰਦਵਾਲ ਵਿੱਚ ਬਾਉਲੀ ਦਾ ਨਿਰਮਾਣ (2)
# Construction of Baoli at Goindwal

- ਇਸ ਬਾਉਲੀ ਦੀਆਂ ਜਾਣ–ਬੁੱਝ ਕੇ 84 ਪੌੜੀਆਂ ਬਣਾਈਆਂ ਗਈਆਂ। ਗੁਰੂ ਜੀ ਨੇ ਐਲਾਨ ਕੀਤਾ ਕਿ “ਜੇ ਕੋਈ ਵੀ ਸੱਚੇ ਮਨ ਨਾ.ਲ ਲਗਾਤਾਰ ਹਰ ਇੱਕ ਪੌੜੀ ਤੇ ਜਪੁਜੀ ਸਾਹਿਬ ਦਾ ਪਾਠ ਕਰੇਗਾ ਤਾਂ ਉਸਨੂੰ ਆਵਾਗਮਨ ਦੀਆਂ 84 ਲੱਖ ਜੂਨਾਂ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਹੋ ਜਾਵੇਗੀ।” ਬਾਉਲੀ ਦੇ ਨਿਰਮਾਣ ਨਾ.ਲ ਸਿੱਖ ਧਰਮ ਨੂੰ ਕਈ ਫਾਇਦੇ ਹੋਏ। ਇਸ ਨਾ.ਲ ਸਿੱਖਾਂ ਨੂੰ ਇੱਕ ਪਵਿੱਤਰ ਤੇ ਸੁਤੰਤਰ ਤੀਰਥ ਸਥਾਨ ਪ੍ਰਾਪਤ ਹੋ ਗਿਆ ਅਤੇ ਦੂਰ–ਦੂਰ ਤੋਂ ਸਿੱਖ ਭਾਰੀ ਗਿਣਤੀ ਵਿੱਚ ਗੁਰੂ ਸਾਹਿਬ ਦੇ ਦਰਸ਼ਨ ਕਰਨ ਅਤੇ ਮੁਕਤੀ ਪ੍ਰਾਪਤ ਕਰਨ ਦੇ ਉਦੇਸ਼ ਨਾ.ਲ ਗੋਇੰਦਵਾਲ ਆਉਣ ਲੱਗੇ। ਸਿੱਖਾਂ ਨੂੰ ਹੁਣ ਹਰਿਦੁਆਰ ਤੇ ਹੋਰ ਹਿੰਦੂ ਤੀਰਥ ਸਥਾਨਾਂ ਦੀ ਯਾਤਰਾ ਦੀ ਲੋੜ ਨਾ ਰਹੀ। ਸਿੱਖਾਂ ਦਾ ਵੱਖਰਾ ਤੀਰਥ ਸਥਾਨ ਬਣ ਜਾਣ ਨਾ.ਲ ਹਿੰਦੂਆਂ ਅਤੇ ਸਿੱਖਾਂ ਵਿੱਚ ਅੰਤਰ ਸਪੱਸ਼ਟ ਦਿਖਾਈ ਦੇਣ ਲੱਗਾ।




# ਲੰਗਰ ਸੰਸਥਾ ਦਾ ਵਿਸਥਾਰ (1)
# Elaboration of Langar Institution

- ਲੰਗਰ ਸੰਸਥਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ ਅਤੇ ਗੁਰੂ ਅੰਗਦ ਦੇਵ ਜੀ ਨੇ ਵੀ ਇਸਨੂੰ ਜਾਰੀ ਰੱਖਿਆ ਅਤੇ ਗੁਰੂ ਅਮਰਦਾਸ ਜੀ ਦੇ ਸਮੇਂ ਵਿੱਚ ਇਹ ਵਿਸਤ੍ਰਿਤ ਰੂਪ ਵਿੱਚ ਪ੍ਰਚੱਲਿਤ ਰਹੀ।
- ਮੈਕਾਲਫ਼ ਦੇ ਕਥਨ ਅਨੁਸਾਰ, ‘‘ਗੁਰੂ ਅਮਰਦਾਸ ਜੀ ਦਾ ਲੰਗਰ ਸਿੱਖਾਂ ਦੇ ਚੜ੍ਹਾਵੇ ਨਾਲ਼ ਭਰਪੂਰ ਰਹਿੰਦਾ ਸੀ। ਜੋ ਵੀ ਉਹਨਾ ਦੇ ਦਰਸ਼ਨਾ ਨੂੰ ਆਉਂਦੇ, ਉਹਨਾ ਨੂੰ ਪੇਟ ਭਰ ਕੇ ਭੋਜਨ ਮਿਲਦਾ ਸੀ। ਕੋਈ ਵੀ ਉਹਨਾ ਦੇ ਦਰ ਤੋਂ ਨਿਰਾਸ਼ ਨਹੀਂ ਮੁੜਦਾ ਸੀ।’’



# ਲੰਗਰ ਸੰਸਥਾ ਦਾ ਵਿਸਥਾਰ (2)
# Elaboration of Langar Institution

- ਲੰਗਰ ਵੱਡੇ ਪੈਮਾਨੇ ਉੱਤੇ ਚਲਦਾ ਸੀ। ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਚੌਹਾਂ ਜਾਤੀਆਂ ਤੇ ਸਾਰੇ ਧਰਮਾਂ ਦੇ ਲੋਕ ਬਿਨਾਂ ਕਿਸੇ ਭੇਦ-ਭਾਵ ਦੇ ਇੱਕ ਹੀ ਪੰਗਤ ਵਿੱਚ ਬਹਿ ਕੇ ਲੰਗਰ ਛਕਦੇ ਸਨ। ਗੁਰੂ ਸਾਹਿਬ ਨੇ ਇਹ ਅਸੂਲ ਬਣਾ ਦਿੱਤਾ ਸੀ ਕਿ ਕੋਈ ਵੀ ਉਹਨਾ ਨੂੰ ਮਿਲਣ ਆਉਂਦਾ ਹੈ, ਉਸਨੂੰ ਪਹਿਲਾਂ ਲੰਗਰ ਵਿੱਚੋਂ ਸਾਰਿਆਂ ਨਾਲ਼ ਬੈਠ ਕੇ ਭੋਜਨ ਛਕਣਾ ਪਵੇਗਾ, ਫਿਰ ਹੀ ਉਹਨਾ ਨੂੰ ਮਿਲ ਸਕਦਾ ਹੈ। ਸਮਰਾਟ ਅਕਬਰ ਅਤੇ ਹਰੀਪੁਰ ਦੇ ਰਾਜੇ ਨੂੰ ਵੀ ਗੁਰੂ ਸਾਹਿਬ ਨੂੰ ਮਿਲਣ ਤੋਂ ਪਹਿਲਾਂ ਲੰਗਰ ਵਿੱਚ ਬੈਠ ਕੇ ਭੋਜਨ ਛਕਣਾ ਪਿਆ ਸੀ।
- ਲੰਗਰ ਸੰਸਥਾ ਨੇ ਸਿੱਖਾਂ ਵਿੱਚ ਜਾਤੀ ਪ੍ਰਥਾ ਅਤੇ ਛੂਤ-ਛਾਤ ਨੂੰ ਖਤਮ ਕਰਨ ਵਿੱਚ ਸਹਾਇਤਾ ਕੀਤੀ ਅਤੇ ਉਹਨਾ ਵਿੱਚ ਏਕਤਾ ਪੈਦਾ ਕਰ ਦਿੱਤੀ। ਉੱਚੀਆਂ ਜਾਤੀਆਂ ਦੇ ਹਿੰਦੂ, ਖਾਸ ਕਰਕੇ ਬ੍ਰਾਹਮਣ ਗੁਰੂ ਸਾਹਿਬ ਦੇ ਵਿਰੁੱਧ ਹੋ ਗਏ। ਲੰਗਰ ਦੀ ਸੰਸਥਾ ਨੇ ਸਿੱਖ ਧਰਮ ਦਾ ਵਿਸਥਾਰ ਕਰਨ ਵਿੱਚ ਬੜਾ ਵੱਡਾ ਹਿੱਸਾ ਪਾਇਆ।



# ਸ਼ਬਦਾਂ ਦਾ ਸੰਗ੍ਰਹਿ ਅਤੇ ਸੰਕਲਨ
# Collection and Compilation of Hymns

- ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਇਕੱਤਰ ਕਰਨ ਦਾ ਕੰਮ ਸ਼ੁਰੂ ਕੀਤਾ ਸੀ। ਇਸ ਕੰਮ ਨੂੰ ਹੁਣ ਗੁਰੂ ਅਮਰਦਾਸ ਜੀ ਨੇ ਬੜੇ ਉਤਸ਼ਾਹ ਨਾਲ਼ ਜਾਰੀ ਰੱਖਿਆ। ਇਸ ਕੰਮ ਵਿੱਚ ਬੁੱਲਾ ਨਾਮੀ ਪੰਡਿਤ ਨੇ ਗੁਰੂ ਸਾਹਿਬ ਦੀ ਸਹਾਇਤਾ ਕੀਤੀ। ਗੁਰੂ ਅਮਰਦਾਸ ਜੀ ਨੇ ਪਹਿਲੇ ਦੋ ਗੁਰੂ ਸਾਹਿਬਾਨਾਂ ਦੀ ਬਾਣੀ ਦਾ ਸੰਗ੍ਰਹਿ ਕੀਤਾ ਅਤੇ ਉਹਨਾ ਨੇ ਆਪ ਵੀ 907 ਸ਼ਬਦਾਂ ਦੀ ਰਚਨਾ ਕੀਤੀ।




# ਮੰਜੀ ਪ੍ਰਥਾ (1)
# Manji System



- ਕਗੁਰੂ ਅਮਰਦਾਸ ਜੀ ਦੇ ਸਮੇਂ ਸਿੱਖਾਂ ਦੀ ਸੰਖਿਆ ਬਹੁਤ ਵੱਧ ਚੁਕੀ ਸੀ ਕਿਉਂਕਿ ਉਨ੍ਹਾਂ ਨੇ ਬੜੇ ਜੋਰ ਸ਼ੋਰ ਨਾਲ ਧਰਮ ਦਾ ਪ੍ਰਚਾਰ ਕੀਤਾ ਸੀ।ਲਤੀਫ ਦੇ ਕਥਨ ਅਨੁਸਾਰ ਉਹ ਗੁਰੂ ਦੇ ਰੂਪ ਵਿਚ ਬਹੁਤ ਸਫਲ ਸਨ ਅਤੇ ਪ੍ਰਚਾਰ ਵਿਚ ਆਪਣੇ ਉਤਸਾਹ ਤੇ ਊਧਮ, ਦਿਆਲੂ ਵਤੀਰੇ ਅਤੇ ਸੁਸ਼ੀਲ ਸੁਭਾ ਦੇ ਕਾਰਨ ਬਹੁਤ ਸਾਰੇ ਵਿਅਕਤੀਆਂ ਨੂੰ ਨਵੇਂ ਧਰਮ ਵਿੱਚ ਲੈ ਆਏ ਸਨ।ਪੰਜਾਬ ਦੇ ਬਾਕੀ ਹਿੱਸਿਆਂ ਵਿੱਚ ਸਿੱਖਾਂ ਦੀ ਨਿੱਤ ਵਧ ਰਹੀ ਸੰਖਿਆ ਦੇ ਕਾਰਨ ਉਹਨਾਂ ਨੂੰ ਵਿਅਕਤੀਗਤ ਰੂਪ ਵਿਚ ਉਪਦੇਸ਼ ਦੇਣਾ ਬੜਾ ਮੁਸ਼ਕਲ ਹੋ ਗਿਆ ਸੀ। ਇਸ ਲਈ ਉਨ੍ਹਾਂ ਨੇ ਸਿੱਖਾਂ ਦੀ ਲੋੜ ਨੂੰ ਪੂਰਾ ਕਰਨ ਲਈ ਆਪਣੇ ਅਧਿਆਤਮਕ ਸਾਮਰਾਜ ਨੂੰ 22 ਭਾਗਾਂ ਵਿੱਚ ਵੰਡ ਦਿੱਤਾ।

# ਮੰਜੀ ਪ੍ਰਥਾ (2)
# Manji System

ਹਰ ਇੱਕ ਭਾਗ ਨੂੰ ਕੀ ਕਿਹਾ ਜਾਣ ਲੱਗ ਪਿਆ। ਗੁਰੂ ਸਾਹਿਬ ਨੇ ਹਰੇਕ ਮੰਜੀ ਉੱਤੇ ਇੱਕ ਪ੍ਰਭਾਵਸ਼ਾਲੀ ਸ਼ਰਧਾਲੂ ਸਿੱਖ ਨੂੰ ਨਿਯੁਕਤ ਕੀਤਾ ਜਿਸ ਦਾ ਕੰਮ ਆਪਣੇ ਆਪਣੇ ਇਲਾਕੇ ਵਿਚ ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨਾ ਅਤੇ ਸਿੱਖਾਂ ਕੋਲੋਂ ਭੇਟਾ ਲੈ ਕੇ ਗੁਰੂ ਸਾਹਿਬ ਤੱਕ ਪੁਚਾਉਣਾ ਸੀ। ਭਿੰਨ ਭਿੰਨ ਖੇਤਰਾਂ ਵਿੱਚ ਥਾਪੇ ਗਏ ਇਹ ਸਿੱਖ ਮੰਜੀ ਉੱਤੇ ਬੈਠ ਕੇ ਲੋਕਾਂ ਨੂੰ ਗੁਰੂ ਜੀ ਦੇ ਉਪਦੇਸ਼ ਦਿੰਦੇ ਸਨ ਅਤੇ ਲੋਕ ਧਰਤੀ ਉੱਤੇ ਬੈਠ ਕੇ ਉਹਨਾਂ ਦੇ ਉਪਦੇਸ਼ ਸੁਣਦੇ ਸਨ ਇਸ ਲਈ ਧਰਮ ਪ੍ਰਚਾਰ ਦੀ ਇਸ ਸੰਸਥਾ ਨੂੰ ਮੰਜੀ ਪ੍ਰਥਾ ਕਿਹਾ ਜਾਣ ਲੱਗ ਪਿਆ। ਇਹ ਮੰਜੀਆਂ ਅਸਲ ਵਿੱਚ ਉਪ-ਗੱਦੀਆਂ ਦੇ ਸਮਾਨ ਸਨ ਮੰਜੀਆਂ ਵਿੱਚ ਥਾਪੇ ਗਏ ਸਿੱਖਾਂ ਵਿਚੋਂ ਕਈ ਅਜਿਹੇ ਨਾ ਮਿਲਦੇ ਹਨ ਜੋ ਸਿੱਖ ਧਰਮ ਅਪਨਾਉਣ ਤੋਂ ਪਹਿਲਾਂ ਮੁਸਲਮਾਨ ਸਨ।



# ਮੰਜੀ ਪ੍ਰਥਾ (3)
# Manji System

- ਮੰਜੀ ਪ੍ਰਥਾ ਦੇ ਮਹੱਤਵ ਬਾਰੇ ਡਾਕਟਰ ਗੋਕਲ ਚੰਦ ਨਾਰੰਗ ਲਿਖਦੇ ਹਨ ਇਹ ਸਪਸ਼ਟ ਹੈ ਕਿ ਗੁਰੂ ਸਾਹਿਬ ਦੇ ਇਸ ਕਾਰਜ ਨੇ ਸਿੱਖ ਸੰਪਰਦਾ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਵਿੱਚ ਅਤੇ ਦੇਸ਼ ਦੇ ਸਾਰੇ ਹਿੱਸਿਆਂ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੋਵੇਗਾ। ਇਸ ਪ੍ਰਥਾ ਦੇ ਸਿੱਖ ਧਰਮ ਨੂੰ ਕਈ ਫਾਇਦੇ ਹੋਏ ਇਸ ਪ੍ਰਥਾ ਦੇ ਫਲਸਰੂਪ ਦੂਰ ਦੂਰ ਦੀਆਂ ਥਾਵਾਂ ਤੇ ਰਹਿਣ ਵਾਲੇ ਸਿੱਖਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਉਨ੍ਹਾਂ ਦੇ ਪ੍ਰਤੀਨਿਧੀਆਂ ਤੋਂ ਗਿਆਨ ਪ੍ਰਾਪਤ ਹੋਣ ਲੱਗ ਪਿਆ ਇਸ ਨਾਲ ਸਿੱਖ ਧਰਮ ਦਾ ਦੂਰ-ਦੂਰ ਤੱਕ ਪ੍ਰਸਾਰ ਹੋਣ ਲੱਗਾ ਤੇ ਗੁਰੂ ਸਾਹਿਬ ਦੇ ਖਜ਼ਾਨੇ ਵਿੱਚ ਵੀ ਵਾਧਾ ਹੋਇਆ।

# ਸਿੱਖਾਂ ਨੂੰ ਉਦਾਸੀਆਂ ਨਾਲੋਂ ਵੱਖਰਾ ਕਰਨਾ
## Separation of the Sikh from udasis

- ਗੁਰੂ ਅੰਗਦ ਦੇਵ ਜੀ ਨੇ ਉਦਾਸੀ ਮੱਤ ਦਾ ਖੰਡਨ ਕੀਤਾ ਸੀ ਪਰ ਗੁਰੂ ਅਮਰਦਾਸ ਜੀ ਦੇ ਸਮੇਂ ਉਦਾਸੀ ਮੱਤ ਫੇਰ ਜ਼ੋਰ ਫੜਨ ਲੱਗ ਪਿਆ ਸਿੱਖ ਲੋਕ ਬਾਬਾ ਸ੍ਰੀ ਚੰਦ ਜੀ ਦੇ ਤਿਆਗੀ ਸੁਭਾਅ ਕਾਰਨ ਉਨ੍ਹਾਂ ਵੱਲ ਖਿੱਚੇ ਜਾਣ ਲੱਗ ਪਏ। ਇਸ ਸਮੇਂ ਗੁਰੂ ਸਾਹਿਬ ਨੇ ਬੜੀ ਹਿੰਮਤ ਦਲੇਰੀ ਤੇ ਸੂਖ਼ਮਤਾ ਤੋਂ ਕੰਮ ਲਿਆ ਉਨ੍ਹਾ ਨੇ ਦੱਸ ਦਿੱਤਾ ਕਿ ਤਿਆਗ ਦਾ ਸਿਧਾਂਤ ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾ ਦੇ ਉਲਟ ਹੈ। ਉਹਨਾਂ ਨੇ ਸਿੱਖਾਂ ਦੇ ਨਾਮ ਹੁਕਮਨਾਮੇ ਭੇਜੇ ਅਤੇ ਸਪਸ਼ਟ ਰੂਪ ਵਿੱਚ ਦੱਸ ਦਿੱਤਾ ਕਿ ਤਿਆਗ ਦੇ ਸਿਧਾਂਤ ਨੂੰ ਮੰਨਣ ਵਾਲੇ ਗੁਰੂ ਦੇ ਸਿੱਖ ਨਹੀਂ ਹੋ ਸਕਦੇ। ਇਸ ਦਾ ਨਤੀਜਾ ਇਹ ਹੋਇਆ ਕਿ ਸਿੱਖਾਂ ਨੇ ਉਦਾਸੀਆਂ ਅਤੇ ਉਨ੍ਹਾਂ ਦੇ ਤਿਆਗ ਦੇ ਸਿਧਾਂਤ ਨਾਲੋਂ ਸਬੰਧ ਤੋੜ ਲਏ ਅਤੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਗ੍ਰਹਿਸਤੀ ਜੀਵਨ ਜੀਵਨ ਬਤੀਤ ਕਰਨ ਲੱਗੇ।
- ਕਨਿੰਘਮ ਦੇ ਸ਼ਬਦਾਂ ਵਿਚ ਗੁਰੂ ਅਮਰਦਾਸ ਸਾਹਿਬ ਨੇ ਉਦਾਸੀਆਂ ਦੀ ਨਿਸ਼ਕਾਮ ਤੇ ਬਰਾਗੀ ਸੰਪ੍ਰਦਾਇ ਨੂੰ ਕਿਰਿਆਸ਼ੀਲ ਤੇ ਗ੍ਰਹਿਸਥੀ ਸਿੱਖਾਂ ਨਾਲੋਂ ਵੱਖ ਕਰ ਦਿੱਤਾ ਅਤੇ ਇਸ ਪ੍ਰਕਾਰ ਬਾਲ ਸਿੱਖ ਸੰਪਰਦਾਵਾਂ ਨੂੰ ਅਲੋਪ ਹੋ ਜਾਣ ਤੋਂ ਬਚਾ ਲਿਆ।

# ਸਮਾਜਿਕ ਸੁਧਾਰ
# Social Reforms

- ਗੁਰੂ ਅਮਰਦਾਸ ਸਾਹਿਬ ਉੱਚ-ਕੋਟੀ ਤੇ ਸਮਾਜ ਸੁਧਾਰਕ ਸਨ ਉਨ੍ਹਾਂ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿੱਚ ਪ੍ਰਚਲਿਤ ਬੁਰਾਈਆਂ ਦਾ ਜੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ ਸੀ। ਉਹਨਾਂ ਨੇ ਜਾਤੀ ਪ੍ਰਥਾ ਅਤੇ ਅਣਮਨੁੱਖੀ ਬਰਾਈਆਂ ਨੂੰ ਸਮਾਪਤ ਕਰਨ ਦਾ ਯਤਨ ਕੀਤਾ ਸੀ ਲੋਕਾਂ ਨੂੰ ਇਮਾਨਦਾਰੀ ਨਾਲ ਕੰਮ ਕਰਨ ਅਤੇ ਇਕ-ਦੂਜੇ ਪ੍ਰਤੀ ਪ੍ਰੇਮ-ਭਾਵ ਰੱਖਣ ਦਾ ਸੰਦੇਸ਼ ਦਿੱਤਾ ਸੀ ਅਤੇ ਇਸਤਰੀਆਂ ਦੇ ਕਲਿਆਣ ਲਈ ਵੀ ਸ਼ਲਾਘਾਯੋਗ ਯਤਨ ਕੀਤੇ ਸਨ। ਪ੍ਰੰਤੂ ਸਦੀਆਂ ਤੋਂ ਚਲੇ ਆ ਰਹੇ ਇਨਾਂ ਵਿਸ਼ਵਾਸਾਂ ਅਤੇ ਰੀਤੀ-ਰਿਵਾਜਾਂ ਵਿਚ ਤਬਦੀਲੀ ਲਿਆਉਣਾ ਬਹੁਤ ਹੀ ਕਠਿਨ ਕਾਰਜ ਸੀ। ਪ੍ਰੰਤੂ ਗੁਰੂ ਸਾਹਿਬ ਨੇ ਆਪਣੇ ਉਤਸ਼ਾਹਪੂਰਵਕ ਯਤਨਾਂ ਦੁਆਰਾ ਇਹ ਸਭ ਕੁਝ ਕੀਤਾ।


# ਜਾਤੀ ਭੇਦਭਾਵ ਅਤੇ ਛੂਤਛਾਤ ਦਾ ਖੰਡਨ
Repudiation of caste-distinctions and Untouchability

- ਗੁਰੂ ਅਮਰਦਾਸ ਜੀ ਨੇ ਆਪਣੇ ਸ਼ਬਦਾਂ ਵਿੱਚ ਥਾਂ-ਥਾਂ ਤੇ ਜਾਤੀ ਭੇਦਭਾਵ ਅਤੇ ਛੂਤਛਾਤ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਹਨਾਂ ਦੇ ਕਥਨ ਅਨੁਸਾਰ ਜਾਤੀ ਭੇਦਭਾਵ ਕਰਨ ਵਾਲੇ ਮੂਰਖ ਤੇ ਗਵਾਰ ਹਨ। ਉਨ੍ਹਾਂ ਨੇ ਸਿੱਖਾਂ ਵਿਚ ਜਾਤੀ ਭੇਦਭਾਵ ਅਤੇ ਛੂਤ-ਛਾਤ ਨੂੰ ਖਤਮ ਕਰਨ ਲਈ ਅਮਲੀ ਰੂਪ ਵਿਚ ਕੰਮ ਕੀਤਾ। ਉਨ੍ਹਾਂ ਨੇ ਹੁਕਮ ਦਿੱਤਾ ਕਿ ਕੋਈ ਵੀ ਉਨ੍ਹਾਂ ਦੇ ਦਰਸ਼ਨਾਂ ਨੂੰ ਆਉਂਦਾ ਹੈ ਉਹ ਪਹਿਲਾਂ ਪੰਗਤ ਵਿਚ ਬੈਠ ਕੇ ਬਾਕੀ ਦੇ ਲੋਕਾਂ ਨਾਲ ਚਾਹੇ ਉਹ ਕਿਸੇ ਵੀ ਜਾਤ ਦੇ ਹੋਣ ਲੰਗਰ ਛਕਣਾ ਪਏਗਾ। ਕਿਸੇ ਨੂੰ ਵੀ ਇਹ ਪੁੱਛਣ ਦਾ ਅਧਿਕਾਰ ਨਹੀਂ ਕਿ ਭੋਜਨ ਬ੍ਰਹਮਣ ਜਾਂ ਸ਼ੂਦਰ ਕਿਸ ਦੇ ਹੱਥੀਂ ਤਿਆਰ ਕੀਤਾ ਗਿਆ ਹੈ।



# ਸਤੀ ਪ੍ਰਥਾ ਦੀ ਨਿਖੇਧੀ
Prohibition of Sati

- ਹਿੰਦੂ ਸਮਾਜ ਵਿਚ ਸਦੀਆਂ ਤੋਂ ਇਹ ਰਵਾਇਤ ਚੱਲੀ ਆ ਰਿਹਾ ਸੀ ਕਿ ਪਤੀ ਦੀ ਮੌਤ ਤੇ ਉਸਦੀ ਵਿਧਵਾ ਨੂੰ ਜਿਉਂਦੇ ਹੀ ਉਸ ਦੇ ਪਤੀ ਨਾਲ ਚਿਤਾ ਵਿੱਚ ਸਾੜ ਦਿੱਤਾ ਜਾਂਦਾ ਸੀ। ਗੁਰੂ ਸਾਹਿਬ ਨੇ ਇਸ ਪ੍ਰਥਾ ਦਾ ਖੰਡਣ ਕੀਤਾ। ਉਨ੍ਹਾਂ ਨੇ ਆਪਣੇ ਇੱਕ ਸ਼ਬਦ ਵਿੱਚ ਕਿਹਾ ਹੈ ਉਸ ਨਾਰੀ ਨੂੰ ਸਤੀ ਨਹੀਂ ਕਿਹਾ ਜਾ ਸਕਦਾ ਸੋ ਆਪਣੇ ਪਤੀ ਦੀ ਚਿੱਤਾ ਵਿਚ ਸੜ ਜਾਂਦੀ ਹੈ ਅਸਲ ਵਿਚ ਸਤੀ ਉਹ ਨਾਰੀ ਹੈ ਜੋ ਆਪਣੇ ਪਤੀ ਦੇ ਵਿਛੋੜੇ ਵਿਚ ਆਪਣੀ ਜਾਨ ਦੇ ਦੇਵੇ।
- ਗੁਰੂ ਅਮਰਦਾਸ ਜੀ ਦੇ ਸਮਕਾਲੀ ਸਮਰਾਟ ਅਕਬਰ ਨੇ ਵੀ ਸਤੀ ਪ੍ਰਥਾ ਨੂੰ ਖਤਮ ਕਰਨ ਲਈ ਤੇ ਉਸ ਦੀ ਰੋਕਥਾਮ ਲਈ ਕੰਮ ਕੀਤੇ



# ਪਰਦੇ ਦੀ ਪ੍ਰਥਾ ਦੀ ਮਨਾਹੀ (1)
## Prohibition of Parda System

- ਮੱਧ ਕਾਲ ਵਿਚ ਭਾਰਤੀ ਸਮਾਜ ਵਿੱਚ ਪਰਦੇ ਦੀ ਪ੍ਰਥਾ ਆਮ ਪ੍ਰਚਲਤ ਸੀ। ਇਸਤਰੀਆਂ ਆਮ ਤੌਰ ਤੇ ਘਰ ਦੀਆਂ ਘਰ ਦੀ ਚਾਰ ਦਿਵਾਰੀ ਵਿੱਚ ਹੀ ਰਹਿੰਦੀਆਂ ਸਨ ਤੇ ਪਰਾਏ ਮਰਦ ਸਾਹਮਣੇ ਪਰਦਾ ਕਰ ਕੇ ਆਉਂਦੀਆਂ ਸਨ। ਗੁਰੂ ਸਾਹਿਬ ਪਰਦੇ ਨੂੰ ਇਸਤਰੀਆਂ ਦੇ ਸਰੀਰਕ ਮਾਨਸਿਕ ਅਤੇ ਅਧਿਆਤਮਕ ਵਿਕਾਸ ਉਤੇ ਇਕ ਰੋਕ ਸਮਝਦੇ ਸਨ। ਇਸ ਲਈ ਗੁਰੂ ਸਾਹਿਬ ਨੇ ਪਰਦੇ ਦੀ ਪ੍ਰਥਾ ਦੀ ਮਨਾਹੀ ਕਰ ਦਿੱਤੀ। ਉਨ੍ਹਾਂ ਨੇ ਇਸਤਰੀਆਂ ਨੂੰ ਪੁਰਸਾਂ ਬਰਾਬਰ ਲੰਗਰ ਵਿੱਚ ਸੇਵਾ ਕਰਨ ਤੇ ਸੰਗਤ ਵਿੱਚ ਬੈਠਣ ਦਾ ਹੁਕਮ ਦਿੱਤਾ।



# ਪਰਦੇ ਦੀ ਪ੍ਰਥਾ ਦੀ ਮਨਾਹੀ (2)
Prohibition of Parda System



- ਸਿੱਖ ਪ੍ਰੰਪਰਾ ਅਨੁਸਾਰ ਹਰੀਪੁਰ ਦਾ ਰਾਜਾ ਆਪਣੀਆਂ ਰਾਣੀਆਂ ਸਮੇਤ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਇਆ ਉਸਦੀ ਇਕ ਰਾਣੀ ਗੁਰੂ ਸਾਹਿਬ ਦੇ ਸਾਹਮਣੇ ਪਰਦਾ ਕਰੇ ਬਿਨਾਂ ਬੈਠ ਗਈ। ਗੁਰੂ ਸਾਹਿਬ ਨੇ ਕਿਹਾ ਇਹ ਪਾਗਲ ਇਸਤਰੀ ਇੱਥੇ ਕੀ ਕਰਨ ਆਈ ਹੈ ਕਹਿੰਦੇ ਹਨ ਕਿ ਉਹ ਇਸਤਰੀ ਉਸੇ ਵੇਲੇ ਹੀ ਪਾਗਲ ਹੋ ਗਈ। ਭਾਵੇਂ ਇਹ ਸਾਖੀ ਪੂਰਨ ਰੂਪ ਵਿੱਚ ਸੱਚ ਨਾ ਵੀ ਹੋਵੇ ਪਰ ਇਸ ਤੋਂ ਇਸ ਗੱਲ ਦਾ ਪਤਾ ਲੱਗਦਾ ਹੈ ਕੇ ਗੁਰੂ ਸਾਹਿਬ ਪਰਦਾ ਪ੍ਰਥਾ ਦੇ ਵਿਰੁੱਧ ਸਨ।

# ਨਸ਼ਿਆਂ ਦੀ ਨਿਖੇਧੀ


# Prohibition of Intoxicants

- ਸ਼ਰਾਬ ਅਤੇ ਹੋਰ ਨਸ਼ੀਲੀਆਂ ਚੀਜ਼ਾਂ ਦੀ ਵਰਤੋਂ ਮੱਧਕਾਲੀਨ ਸਮਾਜ ਦੀ ਇੱਕ ਬਹੁਤ ਵੱਡੀ ਬੁਰਾਈ ਸੀ। ਗੁਰੂ ਸਾਹਿਬ ਨੇ ਆਪਣੇ ਜੋਰਦਾਰ ਸ਼ਬਦਾਂ ਵਿੱਚ ਨਸ਼ਿਆਂ ਦੀ ਵਰਤੋਂ ਦਾ ਖੰਡਨ ਕੀਤਾ ਅਤੇ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਇਸ ਬੁਰਾਈ ਤੋਂ ਦੂਰ ਰਹਿਣ ਦਾ ਹੁਕਮ ਦਿੱਤਾ। ਆਪਣੇ ਸ਼ਬਦਾਂ ਵਿਚ ਉਨ੍ਹਾਂ ਨੇ ਇਕ ਥਾਂ ਤੇ ਕਿਹਾ ਹੈ,"ਜੋ ਮਦਰਾ ਪਾਨ ਕਰਦਾ ਹੈ ਉਸ ਦੀ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ ਅਤੇ ਉਸ ਦੇ ਦਿਮਾਗ ਵਿਚ ਨਸਾ਼ ਚੜ੍ਹ ਜਾਂਦਾ ਹੈ। ਉਹ ਮੇਰ ਤੇਰ ਦਾ ਭੇਦ ਨਹੀਂ ਸਮਝਦਾ ਮਨੁੱਖ ਨੂੰ ਅਜਹੀ ਝੂਠੀ ਸ਼ਰਾਬ ਨਹੀਂ ਪੀਣੀ ਚਾਹੀਦੀ ਜਿਸ ਨਾਲ ਮਨੁਖ ਇਸਵਰ ਨੂੰ ਵੀ ਭੁੱਲ ਜਾਵੇ ਅਤੇ ਉਸਨੂੰ ਰੱਬ ਦੇ ਦਰਬਾਰ ਵਿਚ ਦੰਡ ਭੁਗਤਣਾ ਪਵੇ"।

# ਨਵੇਂ ਤੀਰਥ ਸਥਾਨ ਦੀ ਸਥਾਪਨਾ

## New Places of Piligrames

- ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਖੇ ਬਾਉਲੀ ਦਾ ਨਿਰਮਾਣ ਕਰਕੇ ਸਿੱਖਾਂ ਨੂੰ ਇੱਕ ਨਵਾਂ ਤੀਰਥ ਸਥਾਨ ਦਿੱਤਾ। ਇਹ ਤੀਰਥ ਸਥਾਨ ਹਿੰਦੂਆਂ ਨਾਲੋਂ ਵੱਖਰੀ ਕਿਸਮ ਦਾ ਸੀ। ਪਹਿਲਾਂ ਤਾਂ ਇਹ ਸਿੱਖਾਂ ਦੀ ਸਮੂਹਿਕ ਮਿਹਨਤ ਦੁਆਰਾ ਬਣਾਇਆ ਗਿਆ ਸੀ। ਦੂਜਾ ਇਸ ਵਿੱਚ ਹਿੰਦੂ ਪੁਜਾਰੀ ਵਰਗ ਨੂੰ ਕੋਈ ਥਾਂ ਨਹੀਂ ਦਿੱਤੀ ਗਈ ਤੀਜਾ ਇੱਥੇ ਕਿਸੇ ਵੀ ਦੇਵੀ-ਦੇਵਤੇ ਦੀ ਪੂਜਾ ਨਹੀਂ ਕੀਤੀ ਜਾਂਦੀ ਸੀ ਸਗੋਂ ਇਕ ਇਸ਼ਵਰ ਦੇ ਨਾਮ ਦਾ ਜਾਪ ਹੁੰਦਾ ਸੀ ਤੇ ਗੁਰਬਾਣੀ ਦਾ ਪਾਠ ਹੁੰਦਾ ਸੀ। ਚੌਥਾ ਬੋਲੀ ਦੀਆ ਜਾਣ-ਬੁੱਝ ਕੇ 84 ਪੌੜੀਆ ਬਣਾਈਆ ਗਈਆਂ ਜੋ ਇਸ ਗੱਲ ਦਾ ਪ੍ਰਤੀਕ ਸਨ ਕੇ ਜੇ ਕੋਈ ਵੀ ਵਿਅਕਤੀ ਹਰਿ ਇਕ ਪੌੜੀ ਉੱਤੇ ਬੈਠ ਕੇ ਜਪੁਜੀ ਸਾਹਬ ਦਾ ਪਾਠ ਕਰੇਗਾ ਉਸ ਨੂੰ ਆਵਾਗਮਨ ਦੀਆਂ 84 ਲੱਖ ਜੂਨਾਂ ਤੋਂ ਛੁਟਕਾਰਾ ਮਿਲ ਜਾਵੇਗਾ। ਗੁਰੂ ਸਾਹਿਬ ਅਤੇ ਤੀਰਥ ਦੇ ਇਸ ਸ਼ਹਿਰ ਵਿਚ ਹੋਣ ਨਾਲ ਇਸ ਦਾ ਮਹੱਤਵ ਹੋਰ ਵਧ ਗਿਆ।



# ਤਿਉਹਾਰ ਮਨਾਉਣ ਦਾ ਨਵਾਂ ਢੰਗ

## New mode of celebrating Festivals



- ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਵਿਸਾਖੀ ਦਿਵਾਲੀ ਅਤੇ ਮਾਘੀ ਆਦਿ ਤਿਉਹਾਰਾਂ ਨਵੇਂ ਢੰਗ ਨਾਲ ਮਨਾਉਣ ਲਈ ਕਿਹਾ। ਇਨ੍ਹਾਂ ਤਿਉਹਾਰਾਂ ਦੇ ਸਮੇਂ ਸਿੱਖਾਂ ਨੂੰ ਗੁਰੂ ਅਸਥਾਨ ਤੇ ਪਹੁੰਚਣਾ ਹੁੰਦਾ ਸੀ ਅਤੇ ਗੁਰੂ ਜੀ ਦੀ ਆਗਿਆ ਅਨੁਸਾਰ ਇਹ ਤਿਉਹਾਰ ਮਨਾਉਣੇ ਹੁੰਦੇ ਸਨ। ਗੁਰੂ ਅਮਰਦਾਸ ਜੀ ਦੇ ਸਮੇਂ ਇਹ ਤਿਉਹਾਰ ਗੋਇੰਦਵਾਲ ਵਿਚ ਮਨਾਏ ਜਾਂਦੇ ਸਨ। ਤਿਉਹਾਰਾਂ ਨੂੰ ਇਸ ਢੰਗ ਨਾਲ ਮਨਾਉਣ ਵਿਚ ਗੁਰੂ ਸਾਹਿਬ ਦਾ ਉਦੇਸ਼ ਸਿੱਖਾਂ ਵਿੱਚ ਆਪਸੀ ਭਾਈਚਾਰਾ ਅਤੇ ਏਕਤਾ ਪੈਦਾ ਕਰਨਾ ਸੀ।


# ਮਿਰਤੂ ਵਿਆਹ ਅਤੇ ਜਨਮ ਸਬੰਧੀ ਰੀਤਾਂ ਵਿੱਚ ਸੁਧਾਰ (1)
## Simplification of Death, Marriage and Birth Ceremonies



- ਗੁਰੂ ਅਮਰਦਾਸ ਜੀ ਨੇ ਹਿੰਦੂਆਂ ਵਿੱਚ ਪ੍ਰਚਲਿਤ ਮਿਰਤੂ ਵਿਆਹ ਅਤੇ ਜਨਮ ਸਬੰਧੀ ਰੀਤਾਂ ਵਿੱਚ ਸੁਧਾਰ ਕੀਤਾ। ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਉਨ੍ਹਾਂ ਨੂੰ ਮੌਤ ਦੇ ਸਮੇਂ ਪੰਡਤਾਂ ਨੂੰ ਨਹੀਂ ਬੁਲਾਉਣਾ ਚਾਹੀਦਾ ਅਤੇ ਨਾ ਹੀ ਗਰੁੜ ਪੁਰਾਣ ਦੇ ਸਲੋਕਾਂ ਦਾ ਪਾਠ ਕਰਨਾ ਚਾਹੀਦਾ ਹੈ। ਇਸ ਦੀ ਥਾਂ ਇਸ਼ਵਰ ਦੀ ਉਸਤਤ ਤੇ ਭਗਤੀ ਦੇ ਸ਼ਬਦ ਗਾਉਣੇ ਚਾਹੀਦੇ ਹਨ। ਇਸੇ ਤਰ੍ਹਾਂ ਹੀ ਵਿਆਹ ਦੀਆਂ ਰੀਤਾਂ ਵਿੱਚ ਸੁਧਾਰ ਕੀਤਾ ਗਿਆ ਮੰਨਿਆਂ ਜਾਂਦਾ ਜਾਂਦਾ ਹੈ ਕਿ ਗੁਰੂ ਅਮਰਦਾਸ ਜੀ ਦੀ ਗੁਰਿਆਈ ਸਮੇਂ ਰਾਮਦਾਸ ਜੀ ਨੇ ਲਾਵਾਂ ਦੀ ਰਚਨਾ ਕੀਤੀ। ਸ਼ਾਇਦ ਇਹ ਰਚਨਾ ਰਾਮਦਾਸ ਜੀ ਨੇ ਆਪਣੇ ਵਿਆਹ ਸਮੇਂ ਕੀਤੀ ਹੋਵੇ। ਸਿੱਖ ਲੋਕ ਵਿਆਹ ਦੇ ਅਵਸਰ ਤੇ ਮੰਦਰਾਂ ਦੀ ਥਾਂ ਲਾਂਵਾ ਦਾ ਪਾਠ ਕਰਨ ਲੱਗੇ।

# ਮਿਰਤੂ ਵਿਆਹ ਅਤੇ ਜਨਮ ਸਬੰਧੀ ਰੀਤਾਂ ਵਿੱਚ ਸੁਧਾਰ (2)

## Simplification of Death, Marriage and Birth Ceremonies




ਜਦੋਂ ਗੁਰੂ ਅਮਰਦਾਸ ਜੀ ਦੇ ਪੋਤਰੇ ਸਿੱਧ ਜੋਗੀ ਦਾ ਜਨਮ ਹੋਇਆ ਤਾਂ ਉਹਨਾ ਨੇ ਅਨੰਦ ਨਾਮੀ ਬਾਣੀ ਦੀ ਰਚਨਾ ਕੀਤੀ ਇਸ ਦੀਆਂ 38 ਪੌੜੀਆਂ ਹਨ। ਜਨਮ ਵਿਆਹ ਤੇ ਹੋਰ ਖੁਸ਼ੀ ਦੇ ਮੌਕਿਆਂ ਤੇ ਸਿੱਖ ਲੋਕ ਵੇਦਾਂ ਦੀ ਥਾਂ ਅਨੰਦ ਸਾਹਿਬ ਦੇ ਪਾਠ ਕਰਕੇ ਅਨੰਦ ਪ੍ਰਾਪਤ ਕਰਨ ਲੱਗ ਪਏ।

• ਗੁਰੂ ਅਮਰਦਾਸ ਜੀ ਦੇ ਸਿੱਖ ਸਮਾਜ ਵਿਚ ਅਨੇਕਾ ਮਹੱਤਵਪੂਰਨ ਸੁਧਾਰਾਂ ਕਰਕੇ ਸਿੱਖਾਂ ਨੇ ਬੇਅਰਥ ਦੇ ਗੁਝਲਦਾਰ ਰੀਤੀ ਰਿਵਾਜਾਂ ਨੂੰ ਤਿਆਗ ਦਿੱਤਾ। ਸਿੱਖਾਂ ਵਿੱਚ ਜਾਤੀ ਭੇਦਭਾਵ ਅਤੇ ਛੂਤਛਾਤ ਦੀਆਂ ਬੁਰਾਈਆਂ ਦਾ ਅੰਤ ਹੋਣ ਲੱਗ ਪਿਆ ਉਨ੍ਹਾਂ ਵਿੱਚ ਏਕਤਾ ਅਤੇ ਭਾਈਚਾਰੇ ਦੀ ਭਾਵਨਾ ਵਧ ਗਈ ਹੈ ਪੁਜਾਰੀ ਸ਼ਰੇਣੀ ਦੇ ਸ਼ੋਸ਼ਣ ਤੋਂ ਸਿੱਖਾਂ ਦਾ ਛੁਟਕਾਰਾ ਹੋ ਗਿਆ। ਸਿੱਖ ਇਸਤਰੀਆਂ ਦਾ ਸਰੀਰਕ ਮਾਨਸਿਕ ਤੇ ਅਧਿਆਤਮਕ ਵਿਕਾਸ ਹੋਣ ਲੱਗ ਪਿਆ ਸਾਰੇ ਸਿੱਖਾਂ ਦੇ ਮਨ ਵਿਚ ਗੁਰੂ ਸਾਹਿਬ ਲਈ ਸ਼ਰਧਾ ਭਾਵ ਵਧਣ ਲੱਗ ਪਏ। ਇਹਨਾਂ ਸਭੁ ਸੁਧਾਰਾਂ ਦਾ ਇੱਕ ਮਹੱਤਵਪੂਰਨ ਸਿੱਟਾ ਇਹ ਨਿਕਲਿਆ ਹੈ ਸਿੱਖ ਹੁਣ ਕੱਟੜ ਹਿੰਦੂਆਂ ਨਾਲੋਂ ਅੱਡ ਹੋਣ ਲੱਗ ਪਏ।

# Thanks



PROF. JASWINDER SINGH

HOD

PG DEPT. OF HISTORY

ADC MASTUANA (S)